੦੬੩

ਨਾਮ ਕੀ ਹੈ?

ਉਸ ਦਾ ਸਰੂਪ ਕੀ ਅਤੇ ਕਿੱਥੇ ਹੈ?

(ਲੇਖਕ: ਡਾ: ਕਰਤਾਰ ਸਿੰਘ)

ਗੁਰਮਤਿ ਵਿੱਚ ਨਾਮ ਦਾ ਅਰਥ ਕੇਵਲ ਸੰਗਿਆ ਨਹੀਂ ਹੈ। ਇਹ ਪਦ ਗੁਰਮਤਿ ਵਿੱਚ ਉਸ ਸਿਰਜਨਹਾਰ, ਪਾਲਨਹਾਰ, ਸਰਬ ਸਮਰੱਥਾ, ਸਰਬ ਵਿਆਪਕ, ਸਦਾ ਸਥਿਰ, ਡਰ ਰਹਿਤ, ਵੈਰ ਰਹਿਤ, ਅਮਰ ਹੋਂਦ, ਜੂਨ ਰਹਿਤ, ਸੁਤੇ ਪ੍ਰਕਾਸ਼ ਹੋਂਦ ਲਈ ਵਰਤਿਆ ਹੈ। ਨਾਮ ਪਦ ਦੀ ਗੁਰਮਤਿ ਵਿਆਖਿਆ ਇੰਜ ਹੈ:

- ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ (੪੬੩)

ਨਾਮ ਨਿਰ-ਆਕਾਰ ਹੈ। ਨਾਮ ਸਰਬ ਸਮਰੱਥ ਸ਼ਕਤੀ ਹੈ। ਇਸ ਸ਼ਕਤੀ ਨੂੰ ਹੀ ਦਸਮ ਪਿਤਾ ਨੇ ਭਗਉਤੀ ਆਖਿਆ ਹੈ। ਇਹ ਸ਼ਕਤੀ ਕਿੰਨੀ ਵੱਡੀ ਹੈ? ਇੱਕ ਵਾਰੀ ਵਿਗਿਆਨਕਾਂ ਦੀ ਸ੍ਰਿਸ਼ਟੀ ਰਚਨਾ ਬਾਰੇ ਖੋਜ ਬਾਰੇ ਇੰਜ ਆਖਿਆ ਗਿਆ ਹੈ ਕਿ ਦਸ ਕਰੋੜ ਆਂਕੜਿਆਂ ਨੂੰ ਦਸ ਕ੍ਰੋੜ ਨਾਲ ਗੁਣਾਂ ਕਰੋ, ਫਿਰ ਉੱਤਰ ਨੂੰ ਮੁੜ ਦਸ ਕਰੋੜ ਨਾਲ ਗੁਣਾਂ ਕਰੋ, ਐਨੇ ਬ੍ਰਹਿਮੰਡ ਗਿਣੇ ਜਾ ਚੁੱਕੇ ਹਨ। ਇੱਕ ਧਰਤੀ, ਇੱਕ ਚੰਦਰਮਾ ਤੇ ਇੱਕ ਸੂਰਜ ਹੁੰਦੇ ਹਨ। ਇਹ ਅਮਰੀਕਾ ਦੇ ਟੈਲੀਸਕੋਪ ਦੀ ਗਿਣਤੀ ਹੈ।

ਗੁਰੂ ਨਾਨਕ ਪਾਤਸ਼ਾਹ ਜੀ ਨੇ ਜਪੁਜੀ ਸਾਹਿਬ ਵਿੱਚ ਫੁਰਮਾਇਆ ਹੈ:

- ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥ (੫)

ਲੱਖਾਂ ਹੀ ਆਕਾਸ਼ ਤੇ ਲੱਖਾਂ ਹੀ ਪਾਤਾਲ ਹਨ। ਉਨ੍ਹਾਂ ਦੀ ਗਿਣਤੀ ਕਰਨ ਵਾਲੇ ਹਾਰ ਗਏ, ਪਰ ਗਿਣਤੀ ਨਹੀਂ ਕਰ ਸਕੇ ਕਿ ਕਿੰਨੇ ਬ੍ਰਹਿਮੰਡ ਹਨ।

- ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧ੍ਰੂ ਉਪਦੇਸ॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥ ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥ (੭)

ਸਚਖੰਡ ਬਾਰੇ ਫੁਰਮਾਨ ਹੈ:

- ਸਚ ਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥
ਤਿਥੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤ ਅੰਤ ਨ ਅੰਤ॥
ਤਿਥੈ ਲੋਅ ਲੋਅ ਆਕਾਰ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥
ਵੇਖੈ ਵਿਗਸੈ ਕਰਿ ਵੀਚਾਰੁ॥ ਨਾਨਕ ਕਥਨਾ ਕਰੜਾ ਸਾਰੁ॥ (੮)

ਇਹ ਉਤਲੇ ਗੁਣਾਂ ਵਾਲੀ ਹਸਤੀ ਸਭ ਦੀ ਮੂਲ ਤੇ ਅਨਾਦਿ ਹੈ। ਇਹ ਹਸਤੀ ਜੂਨ ਰਹਿਤ, ਸਰਬ ਸਮਰੱਥ ਤੇ ਆਪਾਰ ਹੈ। ਸਭ ਤੋਂ ਵਡਾਈ ਜੋਗ, ਤਿੰਨਾਂ ਕਾਲਾਂ ਵਿੱਚ ਵਡਾਈ ਭਰਪੂਰ, ਪ੍ਰਕਾਸ਼ ਰੂਪ, ਭੇਦ ਤੋਂ ਰਹਿਤ ਹੈ। ਇਹ ਮਹਾਨ ਹਸਤੀ ਸਭ ਦਾ ਮੂਲ ਤੇ ਦਾਤਾ ਹੈ। ਇਹ ਹਸਤੀ ਸਭ ਨੂੰ ਪਾਲਣ ਵਾਲੀ, ਸਭ ਨੂੰ ਮਾਰਨ ਵਾਲੀ ਤੇ ਸਭ ਦੀ

ਫੇਰ ਮੌਤ ਹੈ। ਇਸ ਹਸਤੀ ਦੇ ਹੋਰ ਅਨੇਕਾਂ ਗੁਣ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਪੁ ਸਾਹਿਬ ਦੀ ਬਾਣੀ ਵਿੱਚ ਅੰਕਿਤ ਕੀਤੇ ਹਨ ਜੋ ਇਸ ਤਰ੍ਹਾਂ ਹਨ:

– ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ॥ ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ॥
ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ॥ ਜੱਤ੍ਰ ਤੱਤ੍ਰ ਬਿਰਾਜਹੀ ਅਵਧੂਤ ਰੂਪ ਰਿਸਾਲ॥
ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ॥ ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ॥
ਦੇਸ ਔਰ ਨ ਭੇਸ ਜਾਕਰ ਰੂਪ ਰੇਖ ਨ ਰਾਗ॥ ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥
ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ॥ ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ॥
ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥ ਖੇਲ ਖੇਲਿ ਅਖੇਲ ਖੇਲਨ ਅੰਤ ਕੋ ਫਿਰ ਏਕ॥
ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ॥ ਰੂਪ ਰੰਗ ਨ ਜਾਤਿ ਪਾਤਿ ਸੁ ਜਾਨਈ ਕਿਂਹ ਜੇਬ॥
ਤਾਤ ਮਾਤ ਨ ਜਾਤ ਜਾਕਰ ਜਨਮ ਮਰਨ ਬਿਹੀਨ॥ ਚੱਕ੍ਰ ਬੱਕ੍ਰ ਫਿਰੈ ਚਤੁਰ ਚੱਕ ਮਾਨਹੀ ਪੁਰ ਤੀਨ॥
ਲੋਕ ਚਉਦਹ ਕੇ ਬਿਖੈ ਜਗ ਜਾਪਹੀ ਜਿਂਹ ਜਾਪ॥ ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਬੈ ਜਿਂਹ ਥਾਪ॥
ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖ ਅਪਾਰ॥ ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨਹਾਰ॥
ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰਖ ਅਦੇਸ॥ ਧਰਮ ਧਾਮ ਸੁ ਭਰਮ ਰਹਿਤ ਅਭੂਤ ਅਲਖ ਅਬੇਸ ॥
ਅੰਗ ਰਾਗ ਨ ਰੰਗ ਜਾਕਹਿ ਜਾਤਿ ਪਾਤਿ ਨ ਨਾਮ॥ ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ॥
ਆਪ ਰੂਪ ਅਮੀਕ ਅਨ ਉਸਤਤਿ ਏਕ ਪੁਰਖ ਅਵਧੂਤ॥ ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ॥
ਅੰਗ ਹੀਨ ਅਭੰਗ ਅਨਾਤਮ ਏਕ ਪੁਰਖ ਅਪਾਰ॥ ਸਰਬ ਲਾਇਕ ਸਰਬ ਘਾਇਕ ਸਰਬ ਕੋ ਪ੍ਰਤਿਪਾਰ॥
ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ॥ ਸਰਬ ਸਾਸਤ੍ਰ ਨ ਜਾਨਹੀ ਜਿਂਹ ਰੂਪ ਰੰਗ ਅਰੁ ਰੇਖ॥
ਪਰਮ ਬੇਦ ਪੁਰਾਣ ਜਾਕਹਿ ਨੇਤਿ ਭਾਖਤ ਨਿੱਤ॥
ਕੋਟਿ ਸਿੰਮ੍ਰਿਤ ਪੁਰਾਨ ਸਾਸਤ੍ਰ ਨ ਆਵਈ ਵਹੁ ਚਿੱਤ॥ (ਜਾਪੁ ਸਾਹਿਬ ਪ: ੧੦)

ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਨੂੰ ਨਮਸਕਾਰ ਕੀਤੀ ਹੈ, ਉਸ ਦੇ ਗੁਣ ਸ਼੍ਰੀ ਹਜ਼ੂਰ ਫੁਰਮਾਉਂਦੇ ਹਨ:

– ਪ੍ਰਣਵੋ ਆਦਿ ਏਕੰਕਾਰਾ॥ ਜਲਿ ਥਲਿ ਮਹੀਅਲ ਕੀਓ ਪਸਾਰਾ॥
ਆਦਿ ਪੁਰਖ ਅਬਿਗਤ ਅਬਿਨਾਸੀ॥ ਲੋਕ ਚਤ੍ਰ ਦਸ ਜੋਤਿ ਪ੍ਰਕਾਸੀ॥
ਹਸਤ ਕੀਟ ਕੇ ਬੀਚ ਸਮਾਨਾ॥ ਰਵ ਰੰਕ ਜਿਹ ਇਕਸਰ ਜਾਨਾ॥
ਅਦ੍ਵੈ ਅਲਖ ਪੁਰਖ ਅਬਿਗਾਮੀ॥ ਸਭ ਘਟ ਘਟ ਕੇ ਅੰਤਰਜਾਮੀ॥
ਅਲਖ ਰੂਪ ਅਛੈ ਅਨਭੇਖਾ॥ ਰਾਗ ਰੰਗ ਜਿਹ ਰੂਪ ਨ ਰੇਖਾ॥
ਬਰਨ ਚਿਹਨ ਸਭਹੂੰ ਤੇ ਨਿਆਰਾ॥ ਆਦਿ ਪੁਰਖ ਅਦ੍ਵੈ ਅਬਿਕਾਰਾ॥
ਬਰਨ ਚਿਹਨ ਜਿਹ ਤਾਤ ਨ ਮਾਤਾ॥ ਸਤ੍ਰ ਮਿਤ੍ਰ ਜਿਹ ਤਾਤ ਨ ਮਾਤਾ॥
ਸਭ ਤੇ ਦੂਰਿ ਸਭਨ ਤੇ ਨੇਰਾ॥ ਜਲਿ ਥਲਿ ਮਹੀਅਲ ਜਾਹਿ ਬਸੇਰਾ॥
ਅਨਹਦ ਰੂਪ ਅਨਾਹਦ ਬਾਨੀ॥ ਚਰਨ ਸਰਨਿ ਜਿਹ ਬਸਤ ਭਵਾਨੀ॥
ਬ੍ਰਹਮਾ ਬਿਸਨੁ ਅੰਤ ਨਹੀ ਪਾਇਓ॥ ਨੇਤਿ ਨੇਤਿ ਮੁਖ ਚਾਰ ਬਤਾਇਓ॥
ਕੋਟਿ ਇੰਦ੍ਰ ਉਪਇੰਦ੍ਰ ਬਣਾਏ॥ ਬ੍ਰਹਮਾ ਰੁਦ੍ਰ ਉਪਾਇ ਖਪਾਏ॥
ਲੋਕ ਚੱਤ੍ਰ ਦਸ ਖੇਲੁ ਰਚਾਇਓ॥ ਬਹੁਰੁ ਆਪਹੀ ਬੀਚ ਮਿਲਾਇਓ॥
ਦਾਨਵ ਦੇਵ ਫਨਿੰਦ ਅਪਾਰਾ॥ ਗੰਧ੍ਰਬ ਜੱਛ ਰਚੈ ਸੁਭਚਾਰਾ॥
ਭੂਤ ਭਵਿਖ ਭਵਾਨ ਕਹਾਨੀ॥ ਘਟ ਘਟ ਕੇ ਪਟ ਪਟ ਕੀ ਜਾਨੀ॥
ਤਾਤ ਮਾਤ ਜਿਹ ਜਾਤ ਨ ਪਾਤਾ॥ ਏਕ ਰੰਗ ਕਾਹੂ ਨਹੀ ਰਾਤਾ॥
ਸਰਬ ਜੋਤਿ ਕੇ ਬੀਚ ਸਮਾਨਾ॥ ਸਭਹੂੰ ਸਰਬ ਠੌਰ ਪਹਿਚਾਨਾ॥

ਕਾਲ ਰਹਤ ਅਨਕਾਲ ਸਰੂਪਾ॥ ਅਲਖ ਪੁਰਖ ਅਬਿਗਤ ਅਵਧੂਤਾ॥
ਜਾਤ ਪਾਤ ਜਿਹ ਚਿਹਨ ਨ ਬਰਨਾ॥ ਅਬਿਗਤ ਦੇਵ ਅਛੈ ਅਨਭਰਮਾ॥
ਸਭ ਕੋ ਕਾਲ ਸਭਨ ਕੋ ਕਰਤਾ॥ ਰੋਗ ਸੋਗ ਦੋਖਨ ਕੋ ਹਰਤਾ॥
ਏਕ ਚਿਤ ਜਿਹ ਇਕ ਛਿਨ ਧਿਆਇਓ॥ ਕਾਲ ਫਾਸ ਕੇ ਬੀਚ ਨ ਆਇਓ॥ (ਅਕਾਲ ਉਸਤਤਿ)

ਉਤਲੇ ਪ੍ਰਮਾਣਾਂ ਤੋਂ ਸਿੱਧ ਹੋਇਆ ਕਿ ਸਿੱਖਾਂ ਨੇ ਉਪਰਲੇ ਗੁਣਾਂ ਵਾਲੇ ਨਾਮ ਨੂੰ ਧਿਆਉਣਾ ਹੈ। ਇਹ ਵੀ ਗੱਲ ਸਪੱਸ਼ਟ ਹੋ ਗਈ ਹੈ ਕਿ ਇਹ ਨਾਮ ਸਰਬ ਵਿਆਪਕ ਹੈ। ਜੇ ਇਹ ਸਰਬ ਹੈ ਤਾਂ ਅਨੁਭਵ ਕਿਉਂ ਨਹੀਂ ਹੁੰਦਾ? ਇਸ ਦਾ ਉੱਤਰ ਸ੍ਰੀ ਗੁਰੂ ਅਮਰਦਾਸ ਜੀ ਦਿੰਦੇ ਹਨ:

- ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ॥
ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ॥ (੧੩੩੪)

- ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥ (੬੪੪)

ਸ੍ਰੀ ਗੁਰੂ ਤੇਗ ਬਹਾਦਰ ਜੀ ਫੁਰਮਾਉਂਦੇ ਹਨ:

- ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥ (੬੮੪)

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

- ਹਰਿ ਅਉਖਧੁ ਸਭ ਘਟ ਹੈ ਭਾਈ॥ ਗੁਰ ਪੂਰੇ ਬਿਨੁ ਬਿਧਿ ਨ ਬਨਾਈ॥
ਗੁਰਿ ਪੂਰੈ ਸੰਜਮੁ ਕਰਿ ਦੀਆ॥ ਨਾਨਕ ਤਉ ਫਿਰਿ ਦੂਖ ਨ ਥੀਆ॥ (੨੫੯)

ਹੁਣ ਸੁਤੇ ਹੀ ਪ੍ਰਸ਼ਨ ਉੱਠਦਾ ਹੈ ਕਿ ਉਹ ਕਿਹੜੀ ਸ਼ੈ ਹੈ ਜੋ ਨਾਮ ਨੂੰ ਹਰ ਜੀਵ ਵਿੱਚ ਗੁਪਤ ਰੱਖ ਰਹੀ ਹੈ ਤੇ ਪ੍ਰਗਟ ਨਹੀਂ ਹੋਣ ਦਿੰਦੀ? ਉਤਰ ਗੁਰੂ ਅਰਜਨ ਦੇਵ ਜੀ ਦਿੰਦੇ ਹਨ ਕਿ ਹਉਂ ਰੂਪੀ ਕੰਧ ਨੇ ਨਾਮ ਨੂੰ ਢੱਕ ਲਿਆ ਹੋਇਆ ਹੈ। ਉਸ ਨਾਮ ਦਾ ਵਾਸਾ, ਹਿਰਦੇ ਵਿੱਚ ਬਿਲਕੁੱਲ ਨੇੜੇ ਹੈ। ਇੰਨ੍ਹੀ ਵਿਥ ਹੈ ਜਿੰਨੀ ਕਿ ਤਿਤਲੀ ਦੇ ਖੰਭ ਹੁੰਦੇ ਹਨ। ਪਰ ਬਿਨਾਂ ਪੇਖੇ ਉਹ ਦੂਰ ਜਾਪਦਾ ਹੈ।

- ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥
ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥ (੬੨੪)

- ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥ (੧੨੬੩)

ਪੂਰੇ ਗੁਰੂ ਦੀ ਖੋਜ ਲਈ ਭਜ-ਦੌੜ ਕਰਨ ਦੀ ਲੋੜ ਨਹੀਂ। ਇਸ ਗੱਲ ਨੂੰ ਗੁਰੂ ਰਾਮਦਾਸ ਸਾਹਿਬ ਸਪੱਸ਼ਟ ਕਰਦੇ ਹਨ:

- ਨਾਨਕ ਗੁਰੂ ਗੁਰੂ ਹੈ ਪੂਰਾ ਮਿਲਿ ਸਤਿਗੁਰ ਨਾਮੁ ਧਿਆਇਆ॥ (੮੮੨)

- ਨਾਨਕ ਗੁਰੂ ਗੁਰੂ ਹੈ ਸਤਿਗੁਰੁ ਮੈ ਸਤਿਗੁਰੁ ਸਰਨਿ ਮਿਲਾਵੈਗੋ॥ (੧੩੧੦)

ਇਨ੍ਹਾਂ ਦੋਹਾਂ ਪ੍ਰਮਾਣਾਂ ਦਾ ਭਾਵ ਅਰਥ ਇਹੀ ਹੈ ਕਿ ਗੁਰੂ ਨਾਨਕ ਹੀ ਪੂਰਾ ਗੁਰੂ ਹੈ। ਤਾਂ ਤੇ ਸਤਿਗੁਰੂ ਨਾਨਕ ਨੂੰ ਮਿਲ ਕੇ ਉਨ੍ਹਾਂ ਦਾ ਨਾਮ ਧਿਆਉਣਾ ਹੈ ਅਤੇ ਪਾਖੰਡੀ ਗੁਰੂਆਂ ਤੋਂ ਦੂਰੇਡੇ ਰਹਿਣਾ ਹੈ ਤਾਂ ਕਿ ਉਹ ਕੁਰਾਹੇ ਨਾ ਪਾ ਸਕਣ।